pstcl

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿ: ਦਫਤਰ : ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ - 147001, ਪੰਜਾਬ, ਭਾਰਤ)

ਦਫਤਰ : ਉੱਪ ਮੁੱਖ ਇੰਜੀ:/ਐਚ.ਆਰ. ਤੇ ਪ੍ਰਬੰਧਕੀ (ਭਰਤੀ ਭਾਗ), ਸ਼ਕਤੀ ਸਦਨ, ਪਟਿਆਲਾ

ਵੈੱਬ-ਸਾਈਟ: www.pstcl.org ਈ-ਮੇਲ ਆਈ.ਡੀ.- se-admin@pstcl.org

ਵੱਲ

1. **ਸਮੂਹ ਪ੍ਰਮੁੱਖ/ਮੁੱਖ ਇੰਜੀ:, ਪੀ.ਐਸ.ਟੀ.ਸੀ.ਐਲ.।**
2. **ਮੁੱਖ ਵਿੱਤੀ ਅਫਸਰ, ਪੀ.ਐਸ.ਟੀ.ਸੀ.ਐਲ., ਪਟਿਆਲਾ।**
3. **ਮੁੱਖ ਲੇਖਾ ਅਫਸਰ (ਵਿੱਤ ਅਤੇ ਪੜਤਾਲ), ਪੀ.ਐਸ.ਟੀ.ਸੀ.ਐਲ., ਪਟਿਆਲਾ।**
4. **ਸਮੂਹ ਉੱਪ ਮੁੱਖ ਇੰਜੀ:/ਨਿਗਰਾਨ ਇੰਜੀ:, ਪੀ.ਐਸ.ਟੀ.ਸੀ.ਐਲ.।**
5. **ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ., ਪਟਿਆਲਾ।**
6. **ਸਮੂਹ ਵਧੀਕ ਨਿਗਰਾਨ/ਸੀ.ਕਾ.ਕਾ.ਇੰਜੀ:/ਅਕਾਊਂਟ ਆਫਿਸਰਜ਼, ਪੀ.ਐਸ.ਟੀ.ਸੀ.ਐਲ.।**

ਮੀਮੋ ਨੰ. 4211/16 ਮਿਤੀ: 16/3/23

ਵਿਸ਼ਾ: **PSTCL ਵਿੱਚ ਭਰਤੀ ਹੋਏ ਅਧਿਕਾਰੀਆਂ/ਕਰਮਚਾਰੀਆਂ ਦੇ ਅਸਲ ਵਿੱਦਿਅਕ ਯੋਗਤਾ ਸਰਟੀਫਿਕੇਟਸ ਅਤੇ ਹੋਰ ਸਰਟੀਫਿਕੇਟਸ ਪੱਕੇ/ਆਰਜ਼ੀ ਤੌਰ ਤੇ ਵਾਪਿਸ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ PSTCL ਵਿੱਚ ਭਰਤੀ ਹੋਏ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਜਾਰੀ ਕੀਤੇ ਨਿਯੁਕਤੀ ਪੱਤਰ ਦੀ ਪਾਲਣਾ ਹਿੱਤ ਆਪਣੇ ਅਸਲ ਵਿੱਦਿਅਕ ਯੋਗਤਾ ਅਤੇ ਹੋਰ ਸਰਟੀਫਿਕੇਟਸ ਇਸ ਦਫਤਰ ਵਿਖੇ ਸਬੰਧਤ ਯੂਨੀਵਰਸਿਟੀਆਂ/ਕਾਲਜਾਂ/ਸਕੂਲਾਂ ਤੋਂ ਵੈਰੀਫਾਈ ਕਰਵਾਉਣ ਹਿੱਤ ਅਤੇ ਤਸੱਲੀ-ਬਖਸ਼ ਪਰਖਕਾਲ ਸਮਾਂ ਪੂਰਾ ਹੋਣ ਤੱਕ ਨਿਮਨ-ਹਸਤਾਖਰ ਦੇ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਂਦੇ ਹਨ।PSTCL ਵਿੱਚ ਭਰਤੀ ਹੋਏ ਅਧਿਕਾਰੀਆਂ/ਕਰਮਚਾਰੀਆਂ ***(ਜਿਨ੍ਹਾਂ ਦਾ ਪਰਖਕਾਲ ਸਮਾਂ ਪੂਰਾ ਹੋ ਚੁੱਕਾ ਹੈ ਜਾਂ Under Probation ਹਨ)*** ਵੱਲੋਂ ਆਪਣੇ ਅਸਲ ਵਿੱਦਿਅਕ ਯੋਗਤਾ ਅਤੇ ਹੋਰ ਸਰਟੀਫਿਕੇਟਸ ਪੱਕੇ ਤੌਰ ਤੇ ਵਾਪਿਸ ਲੈਣ ਜਾਂ ਹੋਰ ਵਿਭਾਗਾਂ ਵਿੱਚ ਨੌਕਰੀ ਸਬੰਧੀ ਅਪਲਾਈ ਕਰਨ/ਦਸਤਾਵੇਜ਼ ਚੈਕਿੰਗ ਕਰਵਾਉਣ ਲਈ ਆਰਜ਼ੀ ਤੌਰ ਤੇ ਜਾਰੀ ਕਰਵਾਉਣ ਹਿੱਤ ਭਰਤੀ ਭਾਗ ਵਿਖੇ ਸਿੱਧੇ ਤੌਰ ਤੇ ਬੇਨਤੀ ਪੱਤਰ ਦੇ ਦਿੱਤਾ ਜਾਂਦਾ ਹੈ।

ਹੁਣ ਇਸ ਪੱਤਰ ਰਾਂਹੀ ਸੂਚਿਤ ਕੀਤਾ ਜਾਂਦਾ ਹੈ ਕਿ ***in future*** ਜੇਕਰ ਆਪਜੀ ਦੇ ਦਫਤਰ ਅਧੀਨ ਤੈਨਾਤ ਕਿਸੇ ਵੀ ਅਧਿਕਾਰੀ/ਕਰਮਚਾਰੀ ***(ਜਿਸ ਦੇ ਸਰਟੀਫਿਕੇਟ ਇਸ ਦਫਤਰ ਵਿਖੇ ਜਮ੍ਹਾ ਹਨ)*** ਵੱਲੋਂ ਆਪਣੇ ਅਸਲ ਵਿੱਦਿਅਕ ਯੋਗਤਾ ਸਰਟੀਫਿਕੇਟ ਵਾਪਿਸ ਲੈਣ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਤਾਂ ਹੇਠ ਲਿਖੇ ਹਦਾਇਤਾਂ ਅਨੁਸਾਰ ਘੱਟੋ-ਘੱਟ ਮੰਡਲ ਦਫਤਰ ਰਾਂਹੀ ਇਸ ਦਫਤਰ ਵਿਖੇ email us-rectt@pstcl.org ਤੇ ਭਿਜਵਾਈ ਜਾਵੇ:-

1. ਸਰਟੀਫਿਕੇਟਸ ਜਾਰੀ ਕਰਵਾਉਣ ਦਾ ਕਾਰਨ ਸਬੰਧੀ **proof** ਨੱਥੀ ਕੀਤਾ ਹੋਵੇ।
2. ਮਿਤੀ (**ਕਾਰਜ ਪੂਰਾ ਹੋਣ ਤੋਂ ਵੱਧੋ - ਵੱਧ 3 ਦਿਨ ਕੇਵਲ**) ਜਿਸ ਤੱਕ ਅਧਿਕਾਰੀ/ਕਰਮਚਾਰੀ ਵੱਲੋਂ ਆਪਣੇ ਉਕਤ ਸਰਟੀਫਿਕੇਟਸ ਮੂਲ ਰੂਪ ਵਿੱਚ ਇਸ ਦਫਤਰ ਵਿਖੇ ਵਾਪਿਸ ਜਮ੍ਹਾਂ ਕਰਵਾਏ ਜਾਣਗੇ, ਸਾਫ-ਸਾਫ **certify** ਕੀਤਾ ਹੋਵੇ।
3. ਇਹ ਵੀ **certify** ਕੀਤਾ ਹੋਵੇ ਕਿ ਅਧਿਕਾਰੀ/ਕਰਮਚਾਰੀ ਵੱਲੋਂ ਕੋਈ ਵੀ **Resignation** ਜਾਂ **resignation** ਸੰਬੰਧੀ ਨੋਟਿਸ ਨਹੀਂ ਦਿੱਤਾ ਗਿਆ ਹੈ ਅਤੇ ਜੇਕਰ ਦਿੱਤਾ ਗਿਆ ਹੈ ਉਸ ਦੀ ਕਾਪੀ ਨੱਥੀ ਕੀਤੀ ਜਾਵੇ ।
4. ਈ-ਮੇਲ ਕਰਨ ਦੀ ਮਿਤੀ ਤੋਂ ਘੱਟੋਂ – ਘੱਟ 3 ਦਿਨ ਉਪਰੰਤ concerned ਅਧਿਕਾਰੀ/ਕਰਮਚਾਰੀ ਨੂੰ ਭਰਤੀ ਸ਼ਾਖਾ ਵਿਖੇ ਆਪਣੇ ਅਸਲ ਦਸਤਾਵੇਜ਼ receive ਕਰਨ ਹਿੱਤ ਭੇਜਿਆ ਜਾਵੇ ਜੀ।

ਇਸ ਤੋਂ ਇਲਾਵਾ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵਿਖੇ ਜੇਕਰ ਕੋਈ ਉਮੀਦਵਾਰ ਸਿੱਧੇ ਤੌਰ ਤੇ ਇਸ ਦਫਤਰ ਵਿਖੇ ਆਪਣੇ ਅਸਲ ਦਸਤਾਵੇਜ਼ ਵਾਪਿਸ ਲੈਣ ਸਬੰਧੀ ਬੇਨਤੀ ਪੇਸ਼ ਕਰਦਾ ਹੈ ਤਾਂ ਉਸਦੀ ਬੇਨਤੀ ਬਿਨਾਂ ਕਿਸੇ ਕਾਰਵਾਈ ਤੋਂ ਦਾਖਲ-ਦਫਤਰ ਕਰ ਦਿੱਤੀ ਜਾਵੇਗੀ। ਉਕਤ ਹਦਾਇਤਾਂ ਦੀ ਪਾਲਨਾ ਯਕੀਨੀ ਬਣਾਈ ਜਾਵੇ ਜੀ।

16/3/2023

ਉੱਪ ਮੁੱਖ ਇੰਜੀ:/ਐਚ ਆਰ ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ., ਪਟਿਆਲਾ।